# ਪੰਜਾਬੀ ਯੂਨੀਵਰਸਿਟੀ ਪ੍ਰੈਸ, ਪਟਿਆਲਾ

(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਿਤ)

ਨੰ:...421

ਮਿਤੀ.02/8/23

ਵਿਸ਼ਾ:- ਪੇਪਰ ਕਟਿੰਗ ਅਤੇ ਟਰਿਮਿੰਗ, ਸਫ਼ੇਦ ਅਤੇ ਰੰਗਦਾਰ, ਵੇਸਟ ਪੇਪਰ, ਗੱਤਾ, ਰੈਪਰ/ਵੇਸਟ ਪੇਪਰ ਆਦਿ ਦੀ ਵਿਕਰੀ ਲਈ ਕੁਟੇਸ਼ਨਾਂ ਮੰਗਵਾਉਣ ਸਬੰਧੀ।

ਯੂਨੀਵਰਸਿਟੀ ਪ੍ਰੈਸ ਵਿੱਚ ਪੇਪਰ ਕਟਿੰਗ ਅਤੇ ਟਰਿਮਿੰਗ, ਸਫ਼ੇਦ ਅਤੇ ਰੰਗਦਾਰ, ਵੇਸਟ ਪੇਪਰ, ਗੱਤਾ, ਰੈਪਰ/ਬੈਟਨ ਪੇਪਰ, ਅਤੇ ਕਿਤਾਬਾਂ ਆਦਿ ਵੇਚਣ ਲਈ ਸੀਲਡ ਟੈਂਡਰ ਹੇਠ ਲਿਖਿਆਂ ਸ਼ਰਤਾਂ ਅਨੁਸਾ ਮੰਗ ਜਾਂਦੇ ਹਨ:

1. ਇਹ ਟੈਂਡਰ ਪਹਿਲੀ ਵਾਰ ਪੇਪਰ ਕਟਿੰਗ ਅਤੇ ਵੇਸਟ ਪੇਪਰ ਆਦਿ ਚੁੱਕਣ ਦੀ ਮਿਤੀ ਤੋਂ ਇੱਕ ਸਾਲ ਦੇ ਸਮੇਂ ਲਈ ਹੋਵੇਗਾ।

2. ਸਫ਼ਲ ਟੈਂਡਰ ਕਰਤਾ ਪੇਪਰ ਕਟਿੰਗ ਆਦਿ ਹਰ ਬਦਲਵੇਂ ਮਹੀਨੇ ਦੇ ਪਹਿਲੇ ਹਫ਼ਤੇ ਜਾਂ ਯੂਨੀਵਰਸਿਟੀ ਪ੍ਰੈਸ ਤੋਂ ਮਿਲੀ ਸੂਚਨਾ ਅਨੁਸਾਰ ਦਿੱਤੀ ਮਿਤੀ ਨੂੰ ਚੁੱਕੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਯੂਨੀਵਰਸਿਟੀ ਵੱਲੋਂ ਜ਼ੁਰਮਾਨਾ ਆਦਿ ਲਗਾਇਆ ਜਾ ਸਕਦਾ ਹੈ।

3. ਰਜਿਸਟਰਾਰ ਸਾਹਿਬ ਨੂੰ ਕਿਸੇ ਵੀ ਟੈਂਡਰ ਨੂੰ ਰੱਦ ਕਰਨ ਦਾ ਅਖ਼ਤਿਆਰ ਹੋਵੇਗਾ, ਇਸ ਸਬੰਧੀ ਵਿੱਚ ਕੋਈ ਚਿੱਠੀ ਪੱਤਰ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਕੋਈ ਕਾਰਨ ਦੱਸਣ ਜ਼ਰੂਰੀ ਹੋਵੇਗਾ।

4. ਮਾਲ ਦੀ ਛਟਾਈ, ਚੁੱਕਾਈ, ਪੈਕਿੰਗ ਅਤੇ ਤੁਲਾਈ ਆਦਿ ਦਾ ਸਾਰਾ ਪ੍ਰਬੰਧ ਟੈਂਡਰ ਕਰਤਾ ਦੁਆਰਾ ਕੀਤਾ ਜਾਵੇਗਾ। ਤੁਲਾਈ ਆਦਿ ਰਜਿਸਟਰਾਰ ਸਾਹਿਬ ਵਲੋਂ ਨਾਮਜ਼ਦ ਕਮੇਟੀ ਰਾਹੀਂ ਕਰਵਾਈ ਜਾਵੇਗੀ।

5. ਯੂਨੀਵਰਸਿਟੀ ਪ੍ਰੈਸ ਤੋਂ ਰੱਦੀ ਚੁੱਕਣ ਅਤੇ ਗੇਟ ਪਾਸ ਬਣਵਾਉਣ ਤੋਂ ਪਹਿਲਾਂ ਮਾਲ ਦੀ ਬਣਦੀ ਰਕਮ ਯੂਨੀਵਰਸਿਟੀ ਕੈਸ਼ੀਅਰ ਕੋਲ ਜਮ੍ਹਾਂ ਕਰਵਾ ਕੇ ਉਸਦੀ ਰਸੀਦ ਪ੍ਰੈਸ ਵਿਖੇ ਜਮ੍ਹਾਂ ਕਰਵਾਉਣੀ ਹੋਵੇਗੀ।

6. ਪ੍ਰੈਸ ਵਿਖੇ ਰੱਦੀ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ ਦੱਸ ਵਜੇ ਤੋਂ ਸ਼ਾਮ ਤਿੰਨ ਵਜੇ ਤੱਕ ਵੇਖੀ ਜਾ ਸਕਦੀ ਹੈ।

7. ਟੈਂਡਰ ਉਤੇ ਕੋਈ ਕਟਿੰਗ ਆਦਿ ਜਾਂ ਲਿਖਤ ਵਿੱਚ ਕੋਈ ਅਦਲਾ ਬਦਲੀ ਉਚਿੱਤ ਨਹੀਂ ਸਮਝੀ ਜਾਵੇਗੀ। ਪਰ ਜੇ ਕੋਈ ਮਾਮੂਲੀ ਤਬਦੀਲੀ ਹੋਵੇ ਤਾਂ ਉਸ ਤੇ ਹਸਤਾਖ਼ਰ ਜ਼ਰੂਰ ਕੀਤਾ ਜਾਵੇ।

8. ਟੈਂਡਰ ਫ਼ੀਸ ਵਜੋਂ 100/- ਰੁਪਏ ਯੂਨੀਵਰਸਿਟੀ ਕੈਸ਼ੀਅਰ ਕੋਲ ਜਮ੍ਹਾਂ ਕਰਵਾ ਕੇ ਰਸੀਦ ਦੇਣ ਉਪਰੰਤ ਟੈਂਡਰ ਫ਼ਾਰਮ ਪ੍ਰੈਸ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਟੈਂਡਰ ਫ਼ੀਸ ਕਿਸੇ ਵੀ ਸੂਰਤ ਵਿਚ ਵਾਪਸ ਨਹੀਂ ਹੋਵੇਗੀ।

9. ਹਰੇਕ ਟੈਂਡਰ ਕਰਤਾ ਨੂੰ ਟੈਂਡਰ ਦੇ ਨਾਲ ਹੀ ਪੰਜ ਹਜ਼ਾਰ ਰੁਪਏ ਦੀ ਰਕਮ ਕਮਿਊਲੇਟਿਵ ਡਿਪਾਜ਼ਿਟ ਰਸੀਦ ਅਰਨੈਸਟ ਮਨੀ ਵਜੋਂ ਰਜਿਸਟਰਾਰ ਦੇ ਨਾਂ ਤੇ ਬੈਂਕ ਵਿੱਚ ਜਮ੍ਹਾਂ ਕਰਨੀ ਹੋਵੇਗੀ। ਵੱਧ ਤੋਂ ਵੱਧ ਰੇਟ ਆਫਰ ਕਰਨ ਵਾਲੇ ਪਹਿਲੇ ਤਿੰਨ ਟੈਂਡਰ ਕਰਤਾਵਾ ਦੀ ਅਰਨੈਸਟ ਮਨੀ ਰੱਖ ਕੇ ਬਾਕੀ ਸਾਰਿਆ ਦੀ ਅਰਨੈਸਟ ਮਨੀ ਜਲਦੀ ਤੋਂ ਜਲਦੀ ਵਾਪਿਸ ਕਰ ਦਿੱਤੀ ਜਾਵੇਗੀ। ਅੰਤਿਮ ਫੈਸਲਾ ਹੋਣ ਤੇ ਬਾਕੀ ਦੇ ਦੋ ਟੈਂਡਰ ਕਰਤਾਵਾਂ ਦੀ ਅਰਨੈਸਟ ਮਨੀ ਵੀ ਦੋ ਹਫਤਿਆਂ ਦੇ ਅੰਦਰ ਅੰਦਰ ਰਜਿਸਟਰਾਰ ਸਾਹਿਬ ਦੀ ਪ੍ਰਵਾਨਗੀ ਉਪਰੰਤ ਉਹਨਾਂ ਨੂੰ ਵਾਪਿਸ ਕਰ ਦਿੱਤੀ ਜਾਵੇਗੀ।

10. ਸਫ਼ਲ ਟੈਂਡਰ ਕਰਤਾ ਦੀ ਡੀਪੋਜ਼ਿਟ ਰਸੀਦ/ਯੂਨੀਵਰਸਿਟੀ ਕੈਸ਼ੀਅਰ ਕੋਲ ਜਮ੍ਹਾਂ ਕਰਵਾਈ ਗਈ ਰਾਸ਼ੀ ਦੀ ਰਸੀਦ ਯੂਨੀਵਰਸਿਟੀ ਪ੍ਰੈਸ ਕੋਲ ਸਕਿਉਰਟੀ ਵਜੋਂ ਜਮ੍ਹਾਂ ਰਹੇ ਗੀ। ਇਹ ਸਿਕਉਰਟੀ ਦੀ ਰਕਮ ਉਹਨਾਂ ਵੱਲੋਂ ਆਖੀਰਲੀ ਵਾਰ ਮਾਲ ਚੁੱਕਣ ਤੇ ਬਣਦੀ ਰਾਸ਼ੀ ਜਮ੍ਹਾਂ ਕਰਵਾਉਣ ਸਮੇਂ ਅਡਜੈਸਟ ਕਰ ਦਿੱਤੀ ਜਾਵੇਗੀ।

11. ਯੂਨੀਵਰਸਿਟੀ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਕਿਸੇ ਵੀ ਸੁਰਤ ਉੱਤੇ ਕਿਸੇ ਵੀ ਸਮੇਂ ਰਜਿਸਟਰਾਰ ਸਾਹਿਬ ਦੀ ਪ੍ਰਵਾਨਗੀ ਨਾਲ ਨਜ਼ਰਸਾਨੀ ਕੀਤੀ ਜਾ ਸਕਦੀ ਹੈ ਅਤੇ ਉਹਨਾਂ ਦੇ ਫੈਸਲੇ ਅਨੁਸਾਰ ਹੀ ਲਾਗੂ ਹੋਵੇਗੀ।

12. ਕਿਸੇ ਪ੍ਰਕਾਰ ਦਾ ਵਾਦ-ਵਿਵਾਦ ਪੈਦਾ ਹੋ ਜਾਣ ਦੀ ਸੂਰਤ ਵਿਚ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਦਾ ਫੈਸਲਾ ਅੰਤਿਮ ਹੋਵੇਗਾ।

13. ਬੰਦ ਲਿਫ਼ਾਫੇ ਵਿਚ ਨਿਰਧਾਰਤ ਫਾਰਮ ਉਪਰ ਜਿਨ੍ਹਾਂ ਉੱਤੇ ਪੇਪਰ ਕਟਿੰਗ ਅਤੇ ਬੇਟਨ ਪੇਪਰ ਆਦਿ ਦਾ ਟੈਂਡਰ ਲਿਖਿਆ ਹੋਵੇ ਪ੍ਰੈਸ ਵਿਖੇ ਮਿਤੀ 11.08.23 ਸ਼ਾਮ 5.00 ਵਜੇ ਤੱਕ ਪੁੱਜਦੇ ਹੋਣੇ ਚਾਹੀਦੇ ਹਨ।

1.8.2023

ਪ੍ਰੋਫੈਸਰ ਇੰਚਾਰਜ, ਪ੍ਰੈਸ

ਡਾਇਰੈਕਟਰ ਕੰਪਿਊਟਰ ਸੈਂਟਰ